ISSN : 2395-1273

# ਸੰਵਾਦ

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ

ਜਨਵਰੀ-ਜੂਨ 2025
ਅੰਕ-21ਵਾਂ

# ਸੰਵਾਦ

ISSN : 2395-1273

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* **+91 98724-56833**

**Chief Editor:** *Dr. Atam Singh Randhawa* **+91 98722-17273**

**ISSN : 2395-1273** | **January-June 2025**



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❐ **ਸੰਪਾਦਕੀ** 5

❐ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❐ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❐ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❐ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❐ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❐ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❐ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❐ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❐ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❐ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❐ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❐ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❐ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❐ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❐ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❐ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❐ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❐ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❐ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❐ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

## ਪੁਸਤਕ ਰੀਵਿਊ :

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ

◈


ISSN : 2395-1273

# ਕੁਆਂਟਮ ਕਾਵਿ-ਸ਼ਾਸਤਰ


**ਅਮਰਜੀਤ ਸਿੰਘ ਗਰੇਵਾਲ**



6-ਬੀ ਸੁਗੰਧ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ
✆ 98761-38523


## ਰੂਪਕ (ਮੈਟਾਫ਼ਰ) ਅਤੇ ਉਤਰ-ਮਾਨਵਵਾਦੀ ਸਥਿਤੀ

ਇਹ ਪੇਪਰ ਸਮਕਾਲੀ ਕਵਿਤਾ ਦੇ ਵਿਸ਼ਲੇਸ਼ਣ ਰਾਹੀਂ ਮਨੁੱਖੀ-ਚੇਤਨਾ ਵਿਚ ਰੂਪਕ (ਮੈਟਾਫਰ) ਦੀ ਭੂਮਿਕਾ ਨੂੰ ਸਮਝਣ ਦਾ ਯਤਨ ਹੈ। ਇਸ ਯਤਨ ਨੂੰ ਇਕ ਸਿਧਾਂਤਕ ਫਰੇਮ-ਵਰਕ ਵਜੋਂ ਪੇਸ਼ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ। ਸੁਰਜੀਤ ਪਾਤਰ ਦੀਆਂ ਰਚਨਾਵਾਂ 'ਹੁਣ ਘਰਾਂ ਨੂੰ ਪਰਤਣਾ' ਅਤੇ 'ਸ਼ਬਦ ਬਹੁਤ ਹਲਕੇ ਹਨ' ਰਾਹੀਂ, ਅਸੀਂ ਇਹ ਪ੍ਰਸਤਾਵ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਰੂਪਕੀ ਸੋਚ ਇਕ ਕੁਆਂਟਮ ਫੀਲਡ ਵਜੋਂ ਕੰਮ ਕਰਦੀ ਹੈ, ਜਿੱਥੇ ਅਰਥਾਂ ਦੀ ਸੁਪਰ ਪੁਜ਼ੀਸ਼ਨ ਯਥਾਰਥ ਦੀ ਰਵਾਇਤੀ ਬਿਰਤਾਂਤਕ ਸਮਝ ਨੂੰ ਚੁਣੌਤੀ ਦਿੰਦੀ ਹੈ ਕਿ ਸਮਕਾਲੀ ਕਵਿਤਾ ਦੀ ਰੂਪਕੀ ਚੇਤਨਾ ਉਸ ਉਤਰ-ਮਾਨਵਵਾਦੀ ਅਨੁਭਵ ਦਾ ਨਿਰਮਾਣ ਕਰਦੀ ਹੈ, ਜਿੱਥੇ ਪਛਾਣਾਂ ਤਰਲ, ਸਮਾਂ ਗੈਰ-ਰੇਖਿਕ (ਨਾਨ ਲੀਨੀਅਰ) ਅਤੇ ਯਥਾਰਥ ਮਲਟੀਪਲਾਈ ਹੋਣਾ ਸ਼ੁਰੂ ਹੋ ਜਾਂਦਾ ਹੈ। ਅਸੀਂ ਇਹ ਸਮਝਣ ਦਾ ਵੀ ਯਤਨ ਕਰਾਂਗੇ ਕਿ ਰੂਪਕੀ ਭਾਸ਼ਾ, ਅਰਥਾਂ ਦੇ ਸਿਮਲਟੇਨੀਅਸ ਨੈੱਟਵਰਕ ਰਾਹੀਂ, ਮਾਨਵਵਾਦੀ ਚੌਖਟਿਆਂ ਤੋਂ ਪਾਰਲੀ ਹੋਂਦ ਦੀ ਕਲਪਨਾ ਕਰਨ ਲਈ ਜ਼ਰੂਰੀ ਸਾਧਨ ਕਿਵੇਂ ਬਣ ਜਾਂਦੀ ਹੈ।

ਮਾਨਵਵਾਦ ਦਾ ਉਤਰ-ਮਾਨਵਵਾਦ ਵਿਚ ਰੂਪਾਂਤਰਣ ਉਸ ਬੁਨਿਆਦੀ ਤਬਦੀਲੀ ਵੱਲ ਸੰਕੇਤ ਕਰਦਾ ਹੈ, ਜੋ ਸਾਨੂੰ ਯਥਾਰਥ, ਪਛਾਣ ਅਤੇ ਚੇਤਨਾ ਦੀ ਗਹਿਰੀ ਸਮਝ ਨਾਲ ਜੋੜ ਦਿੰਦੀ ਹੈ। ਆਪਣੇ ਰੇਖਿਕ ਪ੍ਰਗਤੀਸ਼ੀਲ ਬਿਰਤਾਂਤਾਂ (ਲੀਨੀਅਰ ਪਰੋਗਰੈਸਿਵ ਨੈਰੇਟਿਵਜ਼) ਅਤੇ ਸਥਿਰ ਪਛਾਣਾਂ ਉਪਰ ਉਸਰੇ ਰਵਾਇਤੀ ਕਿਸਮ ਦੇ ਮਾਨਵਵਾਦੀ ਫਰੇਮ-ਵਰਕ ਸਮਕਾਲੀ ਅਨੁਭਵ ਨੂੰ ਕੈਪਚਰ ਕਰਨ ਵਿਚ ਪੂਰੀ ਤਰ੍ਹਾਂ ਅਸਮਰੱਥ ਹੋ ਚੁੱਕੇ ਹਨ। ਇਸ ਪੇਪਰ ਰਾਹੀਂ ਇਹ ਧਾਰਨਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਸਮਕਾਲੀ ਕਵਿਤਾ ਵਿਚ ਪੇਸ਼ ਹੋਣ ਵਾਲੀ ਰੂਪਕੀ ਸੋਚ (ਮੈਟਾਫੋਰਿਕ ਥਿੰਕਿੰਗ), ਵਰਤਮਾਨ ਸਮਿਆਂ ਵਿਚ ਮਾਨਵੀ ਸਥਿਤੀ ਦੇ ਹਾਈਪਰ-ਨੈਟਵਰਕ ਨੂੰ ਸਮਝਣ ਅਤੇ ਪ੍ਰਗਟ ਕਰਨ ਲਈ ਕਿਵੇਂ ਮਹੱਤਵਪੂਰਨ ਸਾਧਨ ਪ੍ਰਦਾਨ ਕਰਦੀ ਹੈ।

ਸੁਰਜੀਤ ਪਾਤਰ ਦੀ ਕਵਿਤਾ 'ਹੁਣ ਘਰਾਂ ਨੂੰ ਪਰਤਣਾਂ' ਦੀਆਂ ਇਹਨਾਂ ਸਤਰਾਂ 'ਤੇ ਗੌਰ ਕਰੋ :

*ਮੱਥੇ ਉੱਤੇ ਮੌਤ ਦਸਖਤ ਕਰ ਗਈ ਹੈ*
*ਚਿਹਰੇ ਉੱਤੇ ਯਾਰ ਪੈੜਾਂ ਛੱਡ ਗਏ ਨੇ*
*ਸ਼ੀਸ਼ੇ ਵਿਚੋਂ ਹੋਰ ਕੋਈ ਝਾਕਦਾ ਹੈ*

ਇਥੇ, ਉਹ ਆਪਣੀ ਪਛਾਣ ਨੂੰ, ਇਕੋ ਸਮੇਂ ਮੋਏ ਅਤੇ ਜੀਂਦੇ, ਜਾਣੇ-ਪਛਾਣੇ ਅਤੇ ਅਜਨਬੀ ਰੂਪਾਂ ਦੀ ਕੁਆਂਟਮ ਅਵਸਥਾ (ਸੁਪਰ-ਪੁਜ਼ੀਸ਼ਨ) ਵਿਚ ਅਨੁਭਵ ਕਰਦਾ ਹੈ, ਜਿੱਥੇ ਸਵੈ (ਸੈਲਫ) ਅਤੇ ਹੋਰ (ਅਦਰ), ਅਤੀਤ ਅਤੇ ਵਰਤਮਾਨ, ਅਸਲੀਅਤ ਅਤੇ ਕਲਪਨਾ ਵਿਚਕਾਰ ਰਵਾਇਤੀ ਸੀਮਾਵਾਂ ਭੰਗ ਹੋ ਜਾਂਦੀਆਂ ਹਨ.

ਇਸੇ ਤਰ੍ਹਾਂ, 'ਲ਼ਫਜ਼ ਬਹੁਤ ਹਲਕੇ ਹੁੰਦੇ ਹਨ' ਵਿਚ, ਸੁਰਜੀਤ ਪਾਤਰ ਲਿਖਦੇ ਹਨ।

*ਲ਼ਫਜ਼ ਬਹੁਤ ਹਲਕੇ ਹੁੰਦੇ ਹਨ*
*ਕਿਤਿਓਂ ਚੁੱਕ ਕੇ ਕਿਤੇ ਵੀ ਰੱਖੋ*
*ਲ਼ਫਜ਼ ਸਮੁੰਦਰ ਚੁੱਕੋ*
*ਉਸਨੂੰ ਹੱਸਦਾ ਹੈ ਲਾਗੇ ਰੱਖੋ*
*ਲਿਖੋ: ਸਮੁੰਦਰ ਹੱਸਦਾ ਹੈ*
*ਲ਼ਫਜ਼ ਦਰਖਤ ਉਠਾਓ*
*ਉਸਨੂੰ ਤੁਰਦੇ ਹੋਏ ਲਾਗੇ ਰੱਖੋ*
*ਤੁਰਦੇ ਹੋਏ ਦਰਖਤ ਲਿਖੋ*
*ਲਿਖੋ ਛਣਕਦੇ ਤਾਰੇ*

*ਗਾਉਂਦਾ ਚੰਨ*
*ਗੂੰਜਦਾ ਅੰਬਰ*
*ਬੱਸ ਦੋ ਲਫ਼ਜ਼ ਉਠਾਓ, ਜੋੜੋ*
*ਸਾਵਾ ਸੂਰਜ ਉਦੈ ਕਰੋ*
*ਤੇ ਸੰਦਲੀ ਚੰਨ ਚੜ੍ਹਾਓ*
*ਉਡਦੇ ਹੋਏ ਚਿਰਾਗ ਬਣਾਓ*
*ਕਿੰਨਾ ਸੌਖਾ ਕੰਮ ਹੈ*
*ਲਫ਼ਜ਼ ਉਠਾਉਣੇ*
*ਚੁੱਕ ਕੇ ਕਿਤੇ ਟਿਕਾਉਣੇ*
*ਮੁਸ਼ਕਲ ਤਾਂ ਬੱਸ ਇਹ ਤੱਕਣਾ ਹੈ*
*ਕਿੱਥੋਂ ਚੁੱਕ ਕੇ ਕਿੱਥੇ ਰੱਖਣਾ ਹੈ*
*ਮੁਸ਼ਕਲ ਤਾਂ ਬੱਸ ਇਹ ਤੱਕਣਾ ਹੈ*
*ਕਿੱਥੇ ਰੱਖੀਏ*
*ਜਿੱਥੇ ਰੱਖਿਆਂ*
*ਸਦੀਆਂ ਤੀਕ ਰਹਿਣ ਉਹ ਰੱਖੇ*

ਇਹ ਵਿਰੋਧਾਭਾਸ, ਜਿੱਥੇ ਸਾਡੇ ਸ਼ਬਦ ਹਲਕੇ ਅਤੇ ਅਸਥਾਈ ਹੋਣ ਦਾ ਬਾਵਜੂਦ ਸਥਾਈ ਪ੍ਰਭਾਵ ਪਾਉਣ ਦੇ ਸਮਰੱਥ ਹੋਣ, ਮਨੁੱਖੀ ਹਕੀਕਤ ਦੀ ਕੁਆਂਟਮ ਪ੍ਰਕਿਰਤੀ ਨੂੰ ਹੀ ਦਰਸਾਉਂਦਾ ਹੈ। ਇਕ ਅਜਿਹੀ ਪ੍ਰਕਿਰਤੀ ਜਿੱਥੇ ਅਰਥ ਨਿਰੀਖਣ ਅਤੇ ਪ੍ਰਸੰਗਿਕ ਹੋਣ ਤੱਕ ਸੁਪਰ-ਪੁਜੀਸ਼ਨ ਵਿਚ ਮੌਜੂਦ ਰਹਿੰਦੇ ਹਨ।

ਉਤਰ-ਮਾਨਵਵਾਦੀ ਸਥਿਤੀ ਰੇਖਿਕੀ ਕਾਲਿਕਤਾ ਨੂੰ ਵੀ ਡਿਸਰਪਟ ਕਰ ਦਿੰਦੀ ਹੈ ਜਿਸਨੂੰ ਭੌਤਿਕ ਵਿਗਿਆਨ ਦੀ ਭਾਸ਼ਾ ਵਿਚ ਟੈਂਪੋਰਲ ਐਂਟੈਂਗਲਮੈਂਟ ਦਾ ਨਾਮ ਦਿੱਤਾ ਜਾਂਦਾ ਹੈ:

*ਡਰ ਜਾਏਗੀ ਮੇਰੀ ਮਾਂ*
*ਮੇਰਾ ਪੁੱਤਰ ਮੇਰੇ ਤੋਂ ਵੱਡੀ ਉਮਰ ਦਾ*
*ਕਿਹੜੇ ਸਾਧੂ ਦਾ ਸਰਾਪ*
*ਕਿਸ ਸ਼ਰੀਕਣ ਚੰਦਰੀ ਦੇ ਟੂਣੇ ਟਾਮਣ ਨਾਲ ਹੋਇਆ*
*ਹੁਣ ਘਰਾਂ ਨੂੰ ਪਰਤਣਾ ਚੰਗਾ ਨਹੀ ਹੈ*

ਵਖਰੇਵਿਆਂ, ਵਿਰੋਧਭਾਸ਼ਾ, ਦੂਰੀਆਂ ਅਤੇ ਅਨਿਸ਼ਚਿਤਾਵਾਂ ਦਾ ਇਕੋ ਸਮੇਂ ਸਾਂਝੇ ਨੈੱਟਵਰਕ ਵਿਚ ਸੰਗਠਿਤ ਅਨੁਭਵ ਪੇਸ਼ ਕਰਨਾ ਤਾਰਕਿਕ ਬਿਰਤਾਂਤ (ਕਾਉਜ਼ਲ ਨੈਰੇਟਿਵ) ਦੇ ਵੱਸ ਦੀ ਗੱਲ ਨਹੀਂ ਸੀ। ਇਹ ਰੂਪਕ (ਪੋਇਟਕ ਮੈਟਾਫ਼ਰ) ਦਾ ਕੰਮ ਹੈ। ਕਿਤੇ ਤੁਸੀਂ ਇਹ ਤਾਂ ਨਹੀਂ ਸੋਚਣ ਲੱਗ ਪਏ ਕਿ ਅਸੀਂ ਬਿਰਤਾਂਤਕ ਚੇਤਨਾ ਤੋਂ ਕਾਵਿਕ ਚੇਤਨਾ ਵੱਲ ਵਧ ਰਹੇ ਹਾਂ। ਜੇਕਰ ਇਹ ਸੋਚ ਰਹੇ ਹੋ ਤਾਂ ਕੋਈ ਗਲਤ ਨਹੀਂ ਸੋਚ ਰਹੇ। ਪਰੇਸ਼ਾਨ ਹੋਣ ਦੀ ਲੋੜ ਨਹੀਂ। ਬਿਰਤਾਂਤ ਵੀ ਛੇਤੀ ਹੀ ਮੈਟਾਫ਼ਰ ਨਾਲ ਰਿਸ਼ਤਾ ਜੋੜ ਲਵੇਗਾ। ਜਸਬੀਰ ਮੰਡ ਆਪਣੇ ਨਵੇਂ ਨਾਵਲ **ਚੁਰਾਸੀ ਲੱਖ ਯਾਦਾਂ** ਵਿਚ ਇਹੋ ਕਰ ਰਿਹਾ ਹੈ।

ਇਨ੍ਹਾਂ ਕਵਿਤਾਵਾਂ ਦੇ ਅਧਿਐਨ ਰਾਹੀਂ ਇਹ ਵੀ ਸਮਝ ਆ ਜਾਂਦਾ ਹੈ ਕਿ ਰੂਪਕੀ ਸੋਚ ਰਾਹੀਂ, ਉਤਰ-ਮਾਨਵਵਾਦੀ ਚੇਤਨਾ ਦਾ ਨਿਰਮਾਣ ਕਰਨ ਵਾਲੇ ਨੈੱਟਵਰਕ ਕਿੰਝ ਉੱਭਰਨ ਲੱਗਦੇ ਹਨ। ਸੁਰਜੀਤ ਪਾਤਰ ਦੀ ਕਵਿਤਾ ਦੇ ਅਰਥ ਵਿਅਕਤੀਗਤ ਰੂਪਕਾਂ 'ਚੋਂ ਨਹੀਂ ਬਲਕਿ ਉਨ੍ਹਾਂ ਦੀ ਨੈੱਟਵਰਕੀ ਅੰਤਰ-ਸਬੰਧਤਾ ਵਿਚੋਂ ਉੱਭਰਦੇ ਹਨ।

ਰਵਾਇਤੀ ਕਿਸਮ ਦੇ ਸਾਹਿਤਕ ਸਿਧਾਂਤ ਨੇ ਰੂਪਕ ਨੂੰ ਹਮੇਸ਼ਾ ਨੁਮਾਇੰਦਗੀ ਦੇ ਇਕ ਪ੍ਰਤੀਨਿਧ ਸਾਧਨ (ਰੀਪਰੀਜ਼ੈਂਟੇਸ਼ਨਲ ਡਿਵਾਈਸ) ਵਜੋਂ ਹੀ ਦੇਖਿਆ ਹੈ - ਤੁਲਨਾ ਰਾਹੀਂ ਅਸਲੀਅਤ ਦਾ ਵਰਣਨ ਕਰਨ ਦੇ ਇਕ ਤਰੀਕੇ ਵਜੋਂ। ਪਰ ਪਾਤਰ ਦੀ ਕਵਿਤਾ ਦਾ ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰ ਦਿੰਦਾ ਹੈ ਕਿ ਰੂਪਕ, ਪਾਠਕ/ਔਬਜ਼ਰਵਰ ਲਈ ਨਵੀਂ ਹਕੀਕਤ ਦੀ ਚੋਣ/ਨਿਰਮਾਣ ਵਾਸਤੇ ਸੰਭਾਵਨਾਵਾਂ ਦਾ ਅਨਿਸ਼ਚਿਤ ਧਰਾਤਲ ਨਿਰਮਿਤ ਕਰਦਾ ਹੈ।

ਪਾਤਰ ਅਸੰਭਵ ਚੀਜ਼ਾਂ ਦਾ ਵਰਣਨ ਨਹੀਂ ਕਰ ਰਿਹਾ ਬਲਕਿ ਨਵੀਆਂ ਹਕੀਕਤਾਂ ਪੈਦਾ ਕਰਨ ਲਈ

ਭਾਸ਼ਾ ਦੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਿਹਾ ਹੈ। ਇਸ ਤਰ੍ਹਾਂ ਉਹ ਸਾਹਿਤਕ ਸਿਧਾਂਤ ਨੂੰ ਨੁਮਾਇੰਦਗੀ ਦੇ ਪ੍ਰਸ਼ਨਾਂ ਤੋਂ ਹਕੀਕਤ ਨਿਰਮਾਣ ਦੇ ਪ੍ਰਸ਼ਨਾਂ ਵੱਲ ਲੈ ਜਾਂਦਾ ਹੈ।

"ਹੁਣ ਘਰਾਂ ਨੂੰ ਪਰਤਣਾ" ਵਿਚ ਅਸੀਂ ਬਿਰਤਾਂਤ ਦੀਆਂ ਪ੍ਰਗਤੀਵਾਦੀ ਧਾਰਨਾਵਾਂ ਉੱਪਰ ਟਿਕੀ ਰਵਾਇਤੀ ਕਹਾਣੀ ਨੂੰ ਟੁੱਟਦਿਆਂ ਸਪੱਸ਼ਟ ਦੇਖ ਸਕਦੇ ਹਾਂ:

*ਆਪਣੀ ਹੀ ਲਾਸ਼ ਢੋਂਦਾ ਆਦਮੀ*
*ਪਤੀ ਦੇ ਸਜਰੇ ਸਿਵੇ ਤੇ ਮਾਸ ਰਿੰਨ੍ਹਦੀ ਰੰਨ*
*ਕਿਸੇ ਹੈਮਲਟ ਦੀ ਮਾਂ*
*ਸਰਦੀਆਂ ਵਿਚ ਬੰਦਿਆਂ ਦੇ ਸਿਵੇ ਸੇਕਣ ਵਾਲਾ ਰੱਬ*
*ਜਿਨ੍ਹਾਂ ਅੱਖਾਂ ਨਾਲ ਦੇਖੇ ਨੇ ਦੁਖਾਂਤ*
*ਕਿਸ ਤਰਾਂ ਮੇਲਾਂਗਾ ਅੱਖਾਂ*
*ਆਪਣੇ ਬਚਪਨ ਦੀ ਮੈਂ ਤਸਵੀਰ ਨਾਲ*
*ਆਪਣੇ ਨਿੱਕੇ ਘਰ ਨਾਲ*
*ਸ਼ਾਮ ਨੂੰ ਜਦ ਮੜ੍ਹੀ ਤੇ ਦੀਵਾ ਬਲੇਗਾ*
*ਗੁਰਦੁਆਰੇ ਸੰਖ ਵੱਜੇਗਾ*
*ਉਹ ਬਹੁਤ ਆਵੇਗਾ ਯਾਦ*
*ਉਹ ਕਿ ਜਿਹੜਾ ਮਰ ਗਿਆ ਹੈ*
*ਉਹ ਕਿ ਜਿਸ ਦੀ ਮੌਤ ਦਾ*
*ਇਸ ਭਰੀ ਨਗਰੀ 'ਚ ਬਸ ਮੈਨੂੰ ਪਤਾ ਹੈ*
*ਜੇ ਕਿਸੇ ਨੇ ਹੁਣ ਮੇਰੇ ਮਨ ਦੀ ਤਲਾਸ਼ੀ ਲੈ ਲਈ*
*ਬਹੁਤ ਰਹਿ ਜਾਵਾਂਗਾ ਕੱਲਾ*
*ਕਿਸੇ ਦੁਸ਼ਮਣ ਦੇਸ਼ ਦੇ ਜਾਸੂਸ ਵਾਂਗ*
*ਹੁਣ ਘਰਾਂ 'ਚ ਵੱਸਣਾ ਸੌਖਾ ਨਹੀਂ ਹੈ*
*ਚਿਹਰੇ ਉੱਤੇ ਯਾਰ ਪੈੜਾਂ ਛੱਡ ਗਏ ਨੇ*
*ਸ਼ੀਸ਼ੇ ਵਿਚੋਂ ਹੋਰ ਕੋਈ ਝਾਂਕਦਾ ਹੈ*

ਇਹ ਚਿੱਤਰ ਕ੍ਰਮ (ਲੀਨੀਅਰ ਟੈਂਪੋਰਲ ਔਰਡਰ) ਵਿਚ ਨਹੀਂ ਬਲਕਿ ਸੰਪੂਰਨਤਾ ਵਿਚ ਮੌਜੂਦ ਹਨ, ਜਿਸ ਨੂੰ ਅਸੀਂ "ਕੁਆਂਟਮ ਬਿਰਤਾਂਤ" ਕਹਿੰਦੇ ਹਾਂ- ਜਿੱਥੇ ਕਈ ਕਹਾਣੀ-ਅਵਸਥਾਵਾਂ ਕ੍ਰਮਵਾਰ ਹੋਣ ਦੀ ਬਜਾਏ ਇਕੋ ਸਮੇਂ ਮੌਜੂਦ ਰਹਿੰਦੀਆਂ ਹਨ।

ਉਤਰ-ਮਨੁੱਖੀ ਕਵਿਤਾ ਨੂੰ ਸਮਝਣ ਲਈ, ਨੈੱਟਵਰਕ ਵਿਸ਼ਲੇਸ਼ਣ 'ਤੇ ਅਧਾਰਤ ਕੁਝ ਇਹ ਵਿਧੀ ਅਪਣਾਈ ਜਾ ਸਕਦੀ ਹੈ:

1. ਰੂਪਕ ਨੈੱਟਵਰਕ ਮੈਪਿੰਗ
   - ਮੁੱਖ ਰੂਪਕ ਕੋਡਾਂ ਦੀ ਪਛਾਣ ਕਰਨਾ
   - ਰੂਪਕਾਂ ਵਿਚਕਾਰ ਸਬੰਧਾਂ ਦਾ ਪਤਾ ਲਗਾਉਣਾ
   - ਅਰਥ 'ਤੇ ਨੈੱਟਵਰਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ
2. ਕੁਆਂਟਮ ਸਟੇਟ ਵਿਸ਼ਲੇਸ਼ਣ
   - ਸੁਪਰਪੋਜ਼ਡ ਅਰਥਾਂ ਦੀ ਪਛਾਣ ਕਰਨਾ
   - ਆਬਜ਼ਰਵਰ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ
   - ਅਰਥਾਂ ਦੇ ਕੋਲੈਪਸ ਅਤੇ ਉਭਾਰ ਦਾ ਪਿੱਛਾ ਕਰਨਾ
3. ਟੈਂਪੋਰਲ ਮੈਪਿੰਗ
   - ਟੈਂਪੋਰਲ ਰੁਕਾਵਟਾਂ ਦੀ ਪਛਾਣ ਕਰਨਾ
   - ਟੈਂਪੋਰਲ ਸਿਮਲਟੇਨੀਅਟੀ ਦਾ ਵਿਸ਼ਲੇਸ਼ਣ ਕਰਨਾ
   - ਟੈਂਪੋਲਲ ਐਂਟੈਂਗਲਮੈਂਟਸ ਨੂੰ ਟਰੈਕ ਕਰਨਾ

ਉਦਾਹਰਨ ਵਜੋਂ, ਜੇਕਰ ਅਸੀਂ ਇਸ ਵਿਧੀ ਨੂੰ ਸੁਰਜੀਤ ਪਾਤਰ ਦੀਆਂ ਉਪਰੋਕਤ ਰਚਨਾਵਾਂ 'ਤੇ ਲਾਗੂ ਕਰੀਏ ਤਾਂ ਕਈ ਪੈਟਰਨ ਸਾਹਮਣੇ ਆਉਂਦੇ ਹਨ:

**1. ਪਛਾਣ ਨੈੱਟਵਰਕ:**

```
ਸ਼ੀਸ਼ਾ→ ਅਜਨਬੀ → ਮੌਤ ਦੀ ਮੋਹਰ→ ਦੋਸਤਾਂ ਦੇ ਪੈਰਾਂ ਦੇ ਨਿਸ਼ਾਨ
   ↓
ਪਛਾਣ ਅਸੰਭਵਤਾ
   ↓
ਉੱਤਰ-ਮਾਨਵਵਾਦੀ ਸਥਿਤੀ
```

**2. ਟੈਂਪੋਰਲ ਨੈੱਟਵਰਕ:**

```
ਅਤੀਤ (ਬਚਪਨ) ←→ ਵਰਤਮਾਨ (ਵਾਪਸੀ) ←→ ਭਵਿੱਖ (ਅਸੰਭਵ)
     ↓                ↓                  ↓
   ਯਾਦ             ਤਬਦੀਲੀ             ਅਨਿਸ਼ਚਿਤਤਾ
```

ਚਲੋ ਹੁਣ ਉਤਰ-ਮਾਨਵਵਾਦੀ ਕਾਵਿ-ਸ਼ਾਸਤਰ ਦੀਆਂ ਭਵਿੱਖ-ਮੁਖੀ ਦਿਸ਼ਾਵਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ। ਸਭ ਤੋਂ ਪਹਿਲਾਂ ਤਾਂ ਇਹੋ ਦੇਖਣਾ ਪਵੇਗਾ ਕਿ ਉਤਰ-ਮਾਨਵਵਾਦੀ ਕਵਿਤਾ ਚੇਤਨਾ ਦੇ ਜਿਹੜੇ ਨਵੇਂ ਰੂਪਾਂ ਵੱਲ ਇਸ਼ਾਰਾ ਕਰਦੀ ਹੈ ਉਹ ਕੀ ਹਨ, ਉਨ੍ਹਾਂ ਦੀ ਕੀ ਵਿਸ਼ੇਸ਼ਤਾ ਹੈ:

1. ਇਕੋ ਸਮੇਂ ਕਈ ਪਛਾਣਾਂ
2. ਗੈਰ-ਰੇਖਿਕ ਅਸਥਾਈ ਅਨੁਭਵ
3. ਨੈੱਟਵਰਕ-ਅਧਾਰਿਤ ਅਰਥ ਸਿਰਜਣਾ
4. ਹਕੀਕਤ ਨੂੰ ਪਛਾਨਣ ਦੀ ਬਜਾਏ ਉਸਦਾ ਨਿਰਮਾਣ ਕਰਨਾ

ਸਭ ਤੋਂ ਮਹੱਤਵਪੂਰਨ ਗੱਲ ਤਾਂ ਉਤਰ-ਮਾਨਵਵਾਦੀ ਕਵਿਤਾ ਦੀ ਕੁਆਂਟਮ ਪ੍ਰਕਿਰਤੀ ਦੀ ਡਿਜੀਟਲ ਚੇਤਨਾ ਲਈ ਪ੍ਰਾਸੰਗਿਕਤਾ ਅਤੇ ਉਸਦੇ ਮਹੱਤਵ ਨੂੰ ਸਮਝਣਾ ਹੋਵੇਗਾ:

- ਹਾਈਪਰਟੈਕਸਟ ਨੂੰ ਕੁਆਂਟਮ ਬਿਰਤਾਂਤ ਵਜੋਂ ਸਮਝਣਾ
- ਡਿਜੀਟਲ ਪਛਾਣ ਨੂੰ ਸੁਪਰਪੋਜਸ਼ਿਨ ਵਜੋਂ
- ਨੈੱਟਵਰਕ ਪ੍ਰਭਾਵਾਂ ਦੇ ਅਰਥ ਨਿਰਮਾਣ (ਮੀਨਿੰਗ ਕਰੀਏਸ਼ਨ) ਵਿਚ ਰੋਲ ਨੂੰ ਸਮਝਣਾ
- ਵਰਚੁਅਲ ਰਿਐਲਿਟੀ ਰੂਪਕ ਸਪੇਸ (ਮੈਟਾਫ਼ੌਰਿਕ ਸਪੇਸ) ਵਜੋਂ ਸਮਝਣਾ

ਨਿਰਣਿਆਂ ਦੀ ਨੁਕਤਿਆਂ ਦੇ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਮੈਟਾਫ਼ਰ ਨੂੰ

1. ਬਦਲ ਰਹੀਆਂ ਸਥਿਤੀਆਂ ਵਿਚ ਰੂਪਕ (ਮੈਟਾਫ਼ਰ) ਨੂੰ ਕੁਆਂਟਮ ਵਰਤਾਰੇ ਵਜੋਂ ਸਮਝਣ ਦੀ ਲੋੜ ਹੈ।
2. ਕਵਿਤਾ ਯਥਾਰਥ ਦੀ ਪੇਸ਼ਕਾਰੀ ਨਹੀਂ ਕਰਦੀ, ਉਸਦਾ ਨਿਰਮਾਣ ਕਰਦੀ ਹੈ।
3. ਉਤਰ-ਮਾਨਵਵਾਦੀ ਚੇਤਨਾ ਵਿਅਕਤੀਗਤ ਰੇਖਿਕ ਚੇਤਨਾ ਨਹੀਂ ਨੈੱਟਵਰਕ ਹੈ
4. ਪਛਾਣ ਇਕਵਚਨੀ ਨਹੀਂ ਬਹੁਵਚਨੀ ਸਿਮਲਟੇਨੀਅਟੀ ਹੁੰਦੀ ਹੈ

ਮੈਂ ਸਮਝਦਾ ਹਾਂ ਕਿ ਇਸ ਵਿਕਸਤ ਹੋ ਰਹੀ ਨਵੀਂ ਸਮਝ ਨੂੰ ਸਾਹਿਤਕ ਵਿਸ਼ਲੇਸ਼ਣ, ਵਿਸ਼ਲੇਸ਼ਣ ਤੱਕ ਸੀਮਤ ਨਾ ਰੱਖਦੇ ਹੋਏ ਡਿਜੀਟਲ ਹਿਊਮੈਨਟੀਜ਼, ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਚੇਤਨਾ ਅਧਿਐਨ ਦੇ ਵਿਕਾਸ ਲਈ ਵੀ ਵੱਡੇ ਪੱਧਰ 'ਤੇ ਉਪਯੋਗ ਵਿਚ ਲਿਆਉਣ ਦੀ ਲੋੜ ਹੈ। ਅਸੀਂ ਸਭ ਜਾਣਦੇ ਹਾਂ ਕਿ ਕਵਿਤਾ ਵਿਚ ਮੈਟਾਫ਼ਰ ਦਾ ਉਪਯੋਗ ਪਹਿਲੀ ਵਾਰ ਨਹੀਂ ਹੋਇਆ, ਹਮੇਸ਼ਾ ਤੋਂ ਹੀ ਹੁੰਦਾ ਆਇਆ ਹੈ। ਗੱਲ ਤਾਂ ਸਿਰਫ ਮੈਟਾਫਰ ਦੇ ਮਹੱਤਵ ਨੂੰ ਸਮਝਣ ਦੀ ਹੈ। ਭਾਸ਼ਾ ਅਤੇ ਕਵਿਤਾ ਦੀ ਇਸ ਅਸੀਮ ਸ਼ਕਤੀ ਨੂੰ ਸਮਝ ਕੇ ਨਵੇਂ ਯੁਗ ਦੇ ਨਿਰਮਾਣ ਵਿਚ ਲਗਾਉਣ ਦੀ ਹੈ।

ਸ਼ਬਦਾਂ ਦਾ ਹਲਕਾਪਣ, ਜਿਵੇਂ ਕਿ ਸੁਰਜੀਤ ਪਾਤਰ ਵਰਣਨ ਕਰਦੇ ਹਨ, ਉਨ੍ਹਾਂ ਦੀ ਕਮਜ਼ੋਰੀ ਨਹੀਂ ਬਲਕਿ ਉਨ੍ਹਾਂ ਦੀ ਤਾਕਤ ਹੈ। ਸ਼ਬਦਾਂ ਦੀ ਕੁਆਂਟਮ ਪ੍ਰਕਿਰਤੀ ਉਨ੍ਹਾਂ ਨੂੰ ਇਕੋ ਸਮੇਂ ਕਈ ਹਕੀਕਤਾਂ ਪੈਦਾ ਕਰਨ


ISSN : 2395-1273

ਦੀ ਆਗਿਆ ਦਿੰਦੀ ਹੈ। ਇਸ ਤਰ੍ਹਾਂ ਉਤਰ-ਮਾਨਵਵਾਦੀ ਕਵਿਤਾ ਨਾ ਸਿਰਫ ਇਕ ਕਲਾਤਮਕ ਰੂਪ ਬਣ ਜਾਂਦੀ ਹੈ ਬਲਕਿ ਮਨੁੱਖੀ ਚੇਤਨਾ ਨੂੰ ਸਮਝਣ ਅਤੇ ਨੈਵੀਗੇਟ ਕਰਨ ਲਈ ਇਕ ਮਹੱਤਵਪੂਰਣ ਸਾਧਨ ਬਣ ਜਾਂਦੀ ਹੈ।

**ਏਜੰਸੀ, ਫਰੀ-ਵਿਲ ਅਤੇ ਸਿਰਜਣਾ**

ਇਹ ਤਾਂ ਹੁਣ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਕੁਅੰਟਮੀ ਸਿਧਾਂਤਾਂ ਅਨੁਸਾਰ ਮਾਦਾ ਇਕੋ ਵੇਲੇ ਕਣਾਂ ਅਤੇ ਤਰੰਗਾਂ ਦੇ ਦੋਨਾਂ ਰੂਪਾਂ ਵਿਚ ਮੌਜੂਦ ਹੁੰਦਾ ਹੈ। ਇਹ ਦੇਖਣ ਵਾਲੇ ਦੀ ਨਜ਼ਰ ਉੱਪਰ ਨਿਰਭਰ ਕਰਦਾ ਹੈ ਕਿ ਉਹ ਉਸਨੂੰ ਕਣਾਂ ਦੇ ਰੂਪ ਵਿਚ ਦੇਖਦਾ ਹੈ ਕਿ ਤਰੰਗਾਂ ਦੇ ਰੂਪ ਵਿਚ। ਦੇਖਣ ਲਈ ਕਿਸ ਕਿਸਮ ਦਾ ਐਕਸਪੈਰੀਮੈਂਟ ਸੈੱਟ ਕਰਦਾ ਹੈ। ਕੁਅੰਟਮ ਮਕੈਨਿਕਸ ਨੇ ਇਸਨੂੰ ਸੁਪਰ-ਡਾਈਵਰਸਿਟੀ ਦਾ ਨਾਮ ਦਿੱਤਾ ਹੋਇਆ ਹੈ। ਅਸੀਂ ਦੇਖ ਆਏ ਹਾਂ ਕਿ ਸੁਪਰਡਾਈਵਰਸਿਟੀ ਦੀ ਇਹ ਸਥਿਤੀ ਕੇਵਲ ਮਾਦੇ ਵਿਚ ਹੀ ਨਹੀਂ, ਸ਼ਬਦਾਂ ਵਿਚ ਵੀ ਦੇਖੀ ਜਾਂਦੀ ਹੈ। ਮਾਦੇ ਵਾਂਗ ਸ਼ਬਦ ਵੀ ਇਕੋ ਵੇਲੇ ਅਨੇਕ ਅਰਥ-ਰੂਪਾਂ ਵਿਚ ਮੌਜੂਦ ਰਹਿੰਦੇ ਹਨ, ਅਤੇ ਇਹ ਲੇਖਕ/ ਬੁਲਾਰੇ ਉੱਪਰ ਨਿਰਭਰ ਕਰਦਾ ਹੈ ਕਿ ਉਹ ਵਾਕ ਰਚਨਾ ਰਾਹੀਂ ਉਸਦੇ ਕਿਹੜੇ ਅਰਥ ਫਿਕਸ (ਨਿਸ਼ਚਿਤ) ਕਰਦਾ ਹੈ। ਕਿਸ ਕਿਸਮ ਦੇ ਐਕਸਪੈਰੀਮੈਂਟ (ਵਾਕ) ਵਿਚ ਫਿਟ ਕਰਦਾ ਹੈ। ਇਹ ਗੱਲ ਅਸੀਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਵੀ ਅਕਸਰ ਦੇਖਦੇ ਹਾਂ। ਸਾਨੂੰ ਇੱਕੋ ਵੇਲੇ ਕਈ ਔਪਸ਼ਨਜ਼ ਉਪਲਭਧ ਹੁੰਦੀਆਂ ਹਨ, ਉਨ੍ਹਾਂ ਵਿੱਚੋਂ ਅਸੀਂ ਕਿਹੜੀ ਔਪਸ਼ਨ ਦੀ ਚੋਣ ਕਰਦੇ ਹਾਂ, ਇਹ ਸਾਡੀ ਐਥੀਕੋ-ਪੁਲਿਟੀਕਲ ਡਿਸੀਜਨ ਮੇਕਿੰਗ ਉੱਪਰ ਨਿਰਭਰ ਕਰਦਾ ਹੈ।

ਗੱਲ ਕੀ ਮਾਦਾ, ਕੁਦਰਤ, ਕਿਰਤ, ਸ਼ਬਦ, ਸੁਰਤਿ, ਸਮਾਜ, ਸਭ ਅਨਿਸ਼ਚਿਤਤਾ ਦੇ ਧਰਾਤਲ ’ਤੇ ਮੌਜੂਦ ਰਹਿੰਦੇ ਹਨ। ਇਹ ਸਾਡੇ (ਏਜੰਸੀ) 'ਤੇ ਨਿਰਭਰ ਕਰਦਾ ਹੈ ਕਿ ਅਸੀਂ ਉਨ੍ਹਾਂ ਅਨੇਕ ਸੰਭਾਵਨਾਵਾਂ ਵਿਚੋਂ ਕਿਹੜੀ ਸੰਭਾਵਨਾ ਦੀ ਚੋਣ ਕਰਦੇ ਹਾਂ। ਕਿਸ ਸੰਭਾਵਨਾ ਨੂੰ ਹਕੀਕਤ ਦਾ ਜਾਮਾ ਪਹਿਨਾਉਂਦੇ ਹਾਂ। ਕਿਹੜੇ ਤਕਨੀਕੀ ਜਾਂ ਐਥੀਕੋ-ਪੁਲਿਟੀਕਲ ਡਿਸਕੋਰਸ ਵਿਚ ਫਿਟ ਕਰਦੇ ਹਾਂ। ਥੋੜ੍ਹਾ ਡੂੰਘਾਈ ਵਿਚ ਜਾ ਕੇ ਸੋਚਾਂਗੇ ਤਾਂ ਡਾਰਵਿਨ ਦੀ ਜੈਵਿਕ ਵਿਕਾਸ ਦੀ ਧਾਰਨਾ ਪਿੱਛੇ ਵੀ ਚੋਣ ਦਾ ਇਹੋ ਸਿਧਾਂਤ ਕੰਮ ਕਰਦਾ ਦਿਖਾਈ ਦੇਵੇਗਾ। ਕੁਦਰਤ ਦੀ ਏਜੰਸੀ ਦੁਆਰਾ ਕੀਤੀ ਜਾਣ ਵਾਲੀ ਚੋਣ ਦੀ ਧਾਰਨਾ ਦਾ ਸਿਧਾਂਤ। ਡਾਰਵਿਨ ਕੁਦਰਤ ਦੀ ਏਜੰਸੀ ਦੇ ਰੋਲ ਨੂੰ 'ਸਰਵਾਈਵਲ ਆਫ਼ ਦ ਫਿਟਿਸਟ' ਤਕ ਘਟਾ ਕੇ ਇਸ ਨਾਲ ਨਾ-ਇਨਸਾਫੀ ਕਰਦੇ ਹਨ। ਮਾਨਵ ਏਜੰਸੀ ਦੇ ਰੋਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਹਕੀਕਤ ਦੇ ਨਿਰਮਾਣ ਅਤੇ ਤਬਦੀਲੀ ਵਿਚ ਏਜੰਸੀ ਪ੍ਰਮੁੱਖ ਰੋਲ ਅਦਾ ਕਰਦੀ ਹੈ। ਸਾਨੂੰ ਸਟਰਕਚਰਲ ਗੋਟਰਮਨਿਜ਼ਮ ਅਤੇ ਸਿਸਟਮ ਆਊਟਪੁਟ ਦੀਆਂ ਧਾਰਨਾਵਾਂ ਨੂੰ ਰੱਦ ਕਰਕੇ ਏਜੰਸੀ ਦੀ ਫਰ੍ਹੀ ਵਿੱਲ ਨੂੰ ਸਮਝਣ ਦੀ ਲੋੜ ਹੈ। ਫਰੀ ਵਿਲ ਹੁੰਦੀ ਹੈ ਜਾਂ ਨਹੀਂ, ਇਸ ਸੁਆਲ ਤੋਂ ਅੱਗੇ ਜਾ ਕੇ ਫਰੀ ਵਿਲ ਦੇ ਵਰਤਾਰੇ ਨੂੰ ਸਮਝਣਾ ਹੋਵੇਗਾ।

ਬਿਨਾ ਸ਼ੱਕ ਏਜੰਸੀ ਅਤੇ ਫਰੀ-ਵਿਲ ਦੇ ਵਰਤਾਰੇ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਏਜੰਸੀ ਵੀ ਤਾਂ ਨੈਟਵਰਕ ਵਿਚ ਬੱਝੀ ਹੁੰਦੀ ਹੈ। ਏਜੰਸੀ ਦੀ ਸਵੈ ਨਿਰਭਰ (ਆਟੋਨੋਮਸ) ਹੋਂਦ ਨੂੰ ਸਵੀਕਾਰ ਕਰਨਾ ਮੁਸ਼ਕਿਲ ਹੈ ਪਰ ਸਟਰਕਚਰ ਅਤੇ ਸਿਸਟਮ ਦੀ ਥਾਂ ਨੈਟਵਰਕ ਚੇਤਨਾ, ਜਿਸ ਵਿਚ ਏਜੰਸੀਆਂ ਨੋਡਜ਼ ਦੀ ਤਰ੍ਹਾਂ ਕੰਮ ਕਰਦੀਆਂ ਹਨ, ਏਜੰਸੀਆਂ ਦੇ ਮਹੱਤਵ ਨੂੰ ਘਟਾਉਂਦੀ ਨਹੀਂ, ਸਗੋਂ ਔਗਮੈਂਟ ਕਰਦੀ ਹੈ। ਕਿਉਂਕਿ ਨੈੱਟਵਰਕ ਚੇਤਨਾ ਕੇਵਲ ਸਮੂਹਿਕ ਮਾਨਵੀ ਚੇਤਨਾ ਨਹੀਂ ਹੁੰਦੀ। ਇਸ ਵਿਚ ਮਸ਼ੀਨੀ ਚੇਤਨਾ, ਕੁਦਰਤ ਅਤੇ ਬ੍ਰਹਿਮੰਡੀ ਚੇਤਨਾ ਦੀ ਮੌਜੂਦਗੀ ਕੇਵਲ ਨੈਟਵਰਕ ਚੇਤਨਾ ਨੂੰ ਹੀ ਨਹੀਂ, ਮਾਨਵ ਨੂੰ ਵੀ ਚੇਤਨਾ ਦੇ ਮਹਾਂ-ਮੰਡਲਾਂ ਵਿਚ ਲੈ ਤੁਰਦੀ ਹੈ/ਤੁਰੇਗੀ।

ਅੰਤ ਵਿਚ, ਸੁਰਜੀਤ ਪਾਤਰ ਦੇ ਸ਼ਬਦਾਂ ਵਿਚ ਕੇਵਲ ਏਨਾ ਹੀ ਕਹਾਂਗਾ:

*ਅਸੀਂ ਚੇਤਨਾ ਦੀਆਂ ਜੰਗਾਲੀਆਂ ਘੜੀਆਂ ਹਾਂ*
*ਵਕਤ ਦੇ ਕਿਸੇ ਹਿੰਦਸੇ ਤੇ*
*ਬਸ ਐਵੇਂ ਹੀ ਖੜੀਆਂ ਹਾਂ*
*ਜਦੋਂ ਕੋਈ ਹਾਦਸਾ ਝੰਜੋੜਦਾ ਹੈ*
*ਅਸੀਂ ਤ੍ਰਭਕ ਕੇ ਅੱਭੜਵਾਹੇ ਰਵਾਂ ਹੋ ਜਾਂਦੀਆਂ ਹਾਂ*
*ਕੁਝ ਦੇਰ ਟਿਕ ਟਿਕ ਕਰਕੇ*
*'ਕੱਠੀਆਂ ਜਾਂ ਇਕ ਇਕ ਕਰਕੇ*

ਫੇਰ ਐਵੇਂ ਕਿਸੇ ਹਿੰਦਸੇ 'ਤੇ ਖਲੋ ਜਾਂਦੀਆਂ ਹਾਂ
–
ਆਦਮੀ ਉਤਰੇ ਆਪਣੇ ਮਨ ਵਿਚ
ਬਹੁਤ ਗਹਿਰਾ
ਬਹੁਤ ਜ਼ਰੂਰੀ ਹੈ
ਦਿੰਦਾ ਰਹੇ ਆਤਮਾ ਦੇ ਬੂਹੇ 'ਤੇ ਪਹਿਰਾ
ਬਹੁਤ ਜ਼ਰੂਰੀ ਹੈ

## ਪੁਸਤਕ ਸੂਚੀ ਅਤੇ ਹਵਾਲੇ


Primary Source

- Grewal, Amarjit Singh (2025). *Poetic Truth: Journeying with Surjit Patar.* Patar, Har Anand Publications, New Delhi

Theoretical Framework

Post-human Theory

- Barad, Karen. (2007). -*Meeting the Universe Halfway: Quantum Physics and the Entanglement of Matter and Meaning*-. Duke University Press.
- Braidotti, Rosi. (2013). -The Posthuman-. Cambridge: Polity Press.
- Hayles, N. Katherine. (1999). *-How We Became Posthuman: Virtual Bodies in Cybernetics,* Literature, and Informatics-. University of Chicago Press.
- Wolfe, Cary. (2010). -*What is Posthumanism?*- University of Minnesota Press.

Quantum Theory and Language

- Bohm, David. (1980). -*Wholeness and the Implicate Order*-. Routledge.
- Wendt, Alexander. (2015). -*Quantum Mind and Social Science: Unifying Physical and Social Ontology*-. Cambridge University Press.

Metaphor Theory

- Lakoff, George Ú Johnson, Mark. (1980). *-Metaphors We Live By*-. University of Chicago Press.
- Ricoeur, Paul. (1977). -*The Rule of Metaphor: Multi-Disciplinary Studies of the Creation of Meaning in Language*-. University of Toronto Press.

Literary Theory

- Barthes, Roland. (1977). -*Image Music Text*-. Trans. Stephen Heath. Fontana Press.
- Derrida, Jacques. (1976). *-of Grammatology*-. Trans. Gayatri Chakravorty Spivak. Johns Hopkins University Press.

Discourse Theory

- Torfing, Jacob (1999). *-New Theories of Discourse: Lacan, Mouffe and Zizek.* Blackwell Publishers

Contemporary Poetry and Post-humanism

- Alexis, Andre. (2021). -*Days by Moonlight*-. Coach House Books.
- Carson, Anne. (2010). -*Nox*-. New Directions.
- Robertson, Lisa. (2016). -*3 Summers*-. Coach House Books.

Digital Humanities and Network Theory

- Galloway, Alexander R. (2004). *-Protocol: How Control Exists after Decentralization-*. MIT Press.
- Hayles, N. Katherine. (2012). *-How We Think: Digital Media and Contemporary Technogenesis-*. University of Chicago Press.

Consciousness Studies

- Chalmers, David J. (1996). *-The Conscious Mind: In Search of a Fundamental Theory-*. Oxford University Press.
- Dennett, Daniel C. (1991). *-Consciousness Explained-*. Little, Brown and Company.

Journal Articles

- Barad, Karen. (2003). ”Posthumanist Performativity: Toward an Understanding of How Matter Comes to Matter.” -Signs: *Journal of Women in Culture and Society-, 28(3)*, 801-831.
- Dolphijn, Rick Ú van der Tuin, Iris. (2012). *“The Transversality of New Materialism.” -Women: A Cultural Review-, 23(1)*, 109-125.
- Kirby, Vicki. (2008). ”Natural Convers(at)ions: Or, What If Culture Was Really Nature All Along?” -Material Feminisms-, 214-236.

Digital Resources and Databases

- Digital Library of Punjabi Literature (DLPL). Punjabi University, Patiala. **(http://punjabiuniversity.ac.in/dlpl)**
- Stanford Encyclopaedia of Philosophy: ”Metaphor and Post-humanism.” **(https://plato.stanford.edu)**


Notes on Citations and Further Reading

- For quantum theory applications in literary analysis, see especially Barad (2007) and Wendt (2015).
- For post-human theory development, Braidotti (2013) and Wolfe (2010) provide essential frameworks.
- For metaphor theory foundations, Lakoff Ú Johnson (1980) remains fundamental.
- For digital implications, Hayles (2012) offers crucial insights.

◈